Alberta

**ਨਿਊਜ਼** ਰਿਲੀਜ਼

# ਸਿੱਖਣ ਵਿਚਲੇ ਪਾੜਿਆਂ ਨੂੰ ਪੂਰਾ ਕਰਨ ਲਈ ਸਕੂਲਾਂ ਲਈ ਹੋਰ ਫੰਡਿੰਗ

14 ਫਰਵਰੀ 2023

## ਐਲਬਰਟਾ ਦੀ ਸਰਕਾਰ ਸ਼ੁਰੂਆਤੀ ਗਰੇਡਾਂ ਵਿੱਚ ਸਿੱਖਣ ਵਿੱਚ ਪਏ ਵਿਘਨਾਂ ਨਾਲ ਨਿਪਟਣ ਅਤੇ ਵਿਦਿਆਰਥੀਆਂ ਦੀਆਂ ਲੋੜਾਂ ਦੀ ਪੇਚੀਦਗੀ ਨੂੰ ਹੱਲ ਕਰਨ ਲਈ ਆਪਣੀ 2022-23 ਫੰਡਿੰਗ ਦੀ ਵਚਨਬੱਧਤਾ ਨੂੰ ਦੁੱਗਣਾ ਕਰ ਰਹੀ ਹੈ।

ਸਿੱਖਿਆ ਦੇ ਸ਼ੁਰੂਆਤੀ ਸਾਲ ਲੰਬੀ ਮਿਆਦ ਦੀ ਸਿੱਖਿਆ ਦੀ ਸਫਲਤਾ ਲਈ ਮਹੱਤਵਪੂਰਨ ਹੁੰਦੇ ਹਨ। ਐਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਐਲਬਰਟਾ ਵਿੱਚ ਗਰੇਡ 1 ਦੇ ਸਾਰੇ ਵਿਦਿਆਰਥੀ ਬਾਅਦ ਦੇ ਗਰੇਡਾਂ ਵਿੱਚ ਕਾਮਯਾਬ ਹੋਣ ਲਈ ਲੋੜੀਂਦੇ ਬੁਨਿਆਦੀ ਹੁਨਰਾਂ ਨੂੰ ਵਿਕਸਤ ਕਰਨ। ਸਰਕਾਰ ਗਰੇਡ 1 ਦੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਇਸ ਸਾਲ 10 ਮਿਲੀਅਨ ਡਾਲਰ ਵਧੀਕ ਪ੍ਰਦਾਨ ਕਰ ਰਹੀ ਹੈ ਜਿਨ੍ਹਾਂ ਨੂੰ ਬੁਨਿਆਦੀ ਗਣਿਤ ਅਤੇ ਸਾਖਰਤਾ ਦੇ ਖੇਤਰਾਂ ਵਿੱਚ ਗਰੇਡ ਪੱਧਰ ਤੱਕ ਪਹੁੰਚਣ ਵਿੱਚ ਮਦਦ ਦੀ ਲੋੜ ਹੈ।

## ਪਿਛਲੀ ਸਹਾਇਤਾ 'ਤੇ ਉਸਾਰ ਕਰਨਾਂ

ਇਹ ਫੰਡਿੰਗ ਹੋਰ ਸਹਾਇਤਾ ਤੋਂ ਇਲਾਵਾ ਹੈ ਜਿਹੜੀਆਂ ਸਰਕਾਰ ਦੁਆਰਾ ਮਹਾਂਮਾਰੀ ਨਾਲ ਸਬੰਧਤ ਸਿੱਖਣ ਵਿੱਚ ਪਏ ਵਿਘਨਾਂ ਦਾ ਮੁਕਾਬਲਾ ਕਰਨ ਲਈ ਪ੍ਰਦਾਨ ਕੀਤੀਆਂ ਗਈਆਂ ਹਨ।

2021-22 ਵਿੱਚ, ਸਰਕਾਰ ਨੇ ਗਰੇਡ 1 ਤੋਂ 3 ਦੇ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਪ੍ਰਦਾਨ ਕਰਨ ਲਈ 45 ਮਿਲੀਅਨ ਡਾਲਰ ਪ੍ਰਦਾਨ ਕੀਤੇ। ਨਤੀਜੇ ਵਜੋਂ, 70,000 ਵਿਦਿਆਰਥੀਆਂ ਨੇ ਸਾਖਰਤਾ ਅਤੇ ਸੰਖਿਆ ਦੇ ਵਿਕਾਸ 'ਚ ਲਗਭਗ ਸੱਤ ਮਹੀਨਿਆਂ ਦੀ ਔਸਤ ਮੁੜ ਪ੍ਰਾਪਤ ਕਰ ਲਈ। ਅੰਕੜਿਆਂ ਨੇ ਇਹ ਵੀ ਸੰਕੇਤ ਦਿੱਤਾ ਕਿ ਲਗਭਗ 20

Classification: Public

ਪ੍ਰਤੀਸ਼ਤ ਵਿਦਿਆਰਥੀਆਂ ਨੂੰ ਨਾਲ ਮਿਲਣ ਲਈ ਹੋਰ ਦਖਲ ਦੀ ਲੋੜ ਹੈ। ਉਹਨਾਂ ਵਿਿਦਆਰਥੀਆਂ ਦੀ ਹੋਰ ਸਹਾਇਤਾ ਕਰਨ ਲਈ, ਐਲਬਰਟਾ ਸਰਕਾਰ ਨੇ ਸਕੂਲ ਅਥਾਰਿਟੀਆਂ ਨੂੰ ਵਿਦਿਆਰਥੀਆਂ ਦੇ ਉਸ ਗਰੁੱਪ ਦੀ ਸਹਾਇਤਾ ਜਾਰੀ ਰੱਖਣ ਵਿੱਚ ਮਦਦ ਕਰਨ ਲਈ ਹੋਰ 10 ਮਿਲੀਅਨ ਡਾਲਰ ਪ੍ਰਦਾਨ ਕੀਤੇ, ਜਿਹੜੇ ਵਿਦਿਆਰਥੀ ਹੁਣ ਗਰੇਡ 2 ਤੋਂ 4 ਵਿੱਚ ਹਨ।

ਸਕੂਲ ਅਧਿਕਾਰੀਆਂ, ਅਧਿਆਪਕਾਂ ਅਤੇ ਮਾਪਿਆਂ ਤੋਂ ਚੱਲ ਰਹੀ ਖੋਜ ਅਤੇ ਫੀਡਬੈਕ ਦਰਸਾਉਂਦੀ ਹੈ ਕਿ ਗਰੇਡ 1 ਦੇ ਵਿਦਿਆਰਥੀ ਆਪਣੇ ਪੜ੍ਹਨ ਅਤੇ ਗਣਿਤ ਦੇ ਹੁਨਰਾਂ ਵਿੱਚ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਉਹ ਕਿੰਡਰਗਾਰਟਨ ਜਾਂ ਪ੍ਰੀ-ਸਕੂਲ ਵਿੱਚ ਸਿੱਖਣ ਵਿੱਚ ਪਏ ਵਿਘਨਾਂ ਤੋਂ ਪ੍ਰਭਾਵਿਤ ਹੋਏ ਸਨ, ਅਤੇ ਇਹਨਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀਆਂ ਲਈ ਗਰੇਡ 1 ਸਕੂਲ ਵਿਚ ਪੜ੍ਹਨ ਸਿੱਖਣ ਦਾ ਉਹਨਾਂ ਦਾ ਪਹਿਲਾ ਸਾਲ ਹੈ। ਇਸ ਗੱਲ ਨੂੰ ਸਵੀਕਾਰ ਕਰਦਿਆਂ ਕਿ ਬਚਪਨ ਦੀ ਸ਼ੁਰੂਆਤੀ ਦੌਰ ਦੀ ਸਿੱਖਿਆ – ਬਹੁਤ ਸਾਰੇ ਵਿਦਿਆਰਥੀਆਂ ਲਈ ਸਿੱਖਣ ਦੇ ਵਿਕਾਸ ਦਾ ਅਨਿਖੜਵਾਂ ਅੰਗ ਹੈ – ਅਤੇ ਉਸ ਵਿਚ ਮਹਾਂਮਾਰੀ ਦੌਰਾਨ ਵਿਘਨ ਪਿਆ ਸੀ, ਐਲਬਰਟਾ ਸਰਕਾਰ ਗਰੇਡ 1 ਦੇ ਵਿਿਦਆਰਥੀਆਂ ਲਈ ਵਿਸ਼ੇਸ਼ ਤੌਰ 'ਤੇ 10 ਮਿਲੀਅਨ ਡਾਲਰ ਪ੍ਰਦਾਨ ਕਰ ਰਹੀ ਹੈ। ਸਰਕਾਰ ਸਾਲ ਦੇ ਇਸ ਸਮੇਂ ਗਰੇਡ 1 ਦੇ ਵਿਦਿਆਰਥੀਆਂ ਲਈ ਇਹ ਫੰਡ ਪ੍ਰਦਾਨ ਕਰਨ ਦੇ ਯੋਗ ਹੈ ਕਿਉਂਕਿ ਸਕੂਲਾਂ ਕੋਲ ਇਹਨਾਂ ਸਿਿਖਆਰਥੀਆਂ ਨਾਲ ਕੰਮ ਕਰਨ ਅਤੇ ਉਹਨਾਂ ਦੀਆਂ ਸਹੀ ਲੋੜਾਂ ਨੂੰ ਨਿਰਧਾਰਤ ਕਰਨ ਲਈ ਪਿਛਲੇ ਮਹੀਨਿਆਂ ਦਾ ਸਮਾਂ ਸੀ।

ਸ਼ੁਰੂਆਤੀ ਸਾਖਰਤਾ ਅਤੇ ਗਿਣਤੀ ਦੇ ਸ਼ੁਰੂਆਤੀ ਹੁਨਰ ਬੱਚੇ ਦੀ ਲੰਬੇ ਸਮੇਂ ਦੀ ਅਕਾਦਮਿਕ ਪ੍ਰਾਪਤੀ ਦੇ ਮਜ਼ਬੂਤ ਪੂਰਵ-ਸੂਚਕ ਹਨ। ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਉਹ ਵਿਦਿਆਰਥੀ ਜੋ ਸਕੂਲ ਵਿੱਚ ਹੁਣੇ ਹੀ ਸ਼ੁਰੂਆਤ ਕਰ ਰਹੇ ਹਨ, ਉਹ ਬੁਨਿਆਦੀ ਹੁਨਰ ਵਿਕਸਿਤ ਕਰ ਸਕਣ ਜਿਨ੍ਹਾਂ ਉੱਪਰ ਉਹਨਾਂ ਨੂੰ ਬਾਅਦ ਦੇ ਗਰੇਡਾਂ ਵਿੱਚ ਆਧਾਰਿਤ ਹੋਣ ਲਈ ਲੋੜ ਹੋਵੇਗੀ। ਖੋਜ ਨੇ ਦਰਸਾਇਆ ਹੈ ਕਿ ਜੇਕਰ ਸਿੱਖਿਆ ਦੇਣ ਵਾਲੇ ਸੰਘਰਸ਼ ਕਰ ਰਹੇ ਸਿਿਖਆਰਥੀਆਂ ਦੀ ਅਗੇਤੀ ਪਛਾਣ ਕਰਕੇ ਸਹਾਇਤਾ ਕਰ ਸਕਣ ਤਾਂ ਉਹ ਵਿਦਿਆਰਥੀ ਮੁਕਾਬਲਤਨ ਤੇਜ਼ੀ ਨਾਲ ਗਰੇਡ ਪੱਧਰ ਤੱਕ ਪਹੁੰਚ ਸਕਦੇ ਹਨ। ਹੁਣ ਅਲਬਰਟਾ ਦੇ ਸਭ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਪ੍ਰਦਾਨ ਕਰਕੇ, ਸਰਕਾਰ ਭਵਿੱਖ ਵਿੱਚ ਸਿੱਖਣ ਦੀਆਂ ਮੁਸ਼ਕਲਾਂ ਨੂੰ ਰੋਕਣ ਵਿੱਚ ਮਦਦ ਕਰੇਗੀ।

ਸਕੂਲ ਅਧਿਕਾਰੀਆਂ ਕੋਲ ਆਪਣੇ ਵਿਦਿਆਰਥੀਆਂ ਦੀਆਂ ਵਿਲੱਖਣ ਲੋੜਾਂ ਮੁਤਾਬਕ ਪ੍ਰੋਗਰਾਮਾਂ ਨੂੰ ਤਿਆਰ ਕਰਨ ਦੀ ਲਚਕਤਾ ਹੋਵੇਗੀ। ਉਦਾਹਰਨ ਲਈ, ਉਹ ਵਾਧੂ ਅਧਿਆਪਕ ਅਤੇ ਵਿਿਦਅਕ ਸਹਾਇਕ ਭਰਤੀ ਕਰ ਸਕਦੇ ਹਨ, ਆਪਣੇ ਸਟਾਫ ਨੂੰ ਵਧੇਰੇ ਸਿਖਲਾਈ ਪ੍ਰਦਾਨ ਕਰ ਸਕਦੇ ਹਨ ਜਾਂ ਕਿਤਾਬਾਂ ਅਤੇ ਆਨਲਾਈਨ ਸਰੋਤਾਂ ਤੱਕ ਪਹੁੰਚ ਵਰਗੇ ਸਰੋਤ ਖਰੀਦ ਸਕਦੇ ਹਨ।

## ਫੌਰੀ ਤੱਥ

- ਗਰੇਡ 1 ਦੇ ਵਿਦਿਆਰਥੀਆਂ ਦੀ ਸਹਾਇਤਾ ਲਈ, ਜਿਨ੍ਹਾਂ ਨੂੰ ਵਾਧੂ ਸਹਾਇਤਾ ਦੀ ਲੋੜ ਹੈ, 10 ਮਿਲੀਅਨ ਡਾਲਰ, ਮਹਾਂਮਾਰੀ ਦੇ ਕਾਰਨ ਅਕਾਦਮਿਕ ਅਤੇ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰ ਰਹੇ

Classification: Public

ਵਿਦਿਆਰਥੀਆਂ ਲਈ ਤਿੰਨ ਸਾਲਾਂ ਵਿੱਚ 110 ਮਿਲੀਅਨ ਡਾਲਰ ਪ੍ਰਦਾਨ ਕਰਨ ਦੀ ਸਰਕਾਰ ਦੀ ਵਚਨਬੱਧਤਾ ਦਾ ਭਾਗ ਹਨ।

- ਸਕੂਲ ਅਧਿਕਾਰੀ ਇਸ ਫੰਡਿੰਗ ਲਈ ਤੁਰੰਤ ਅਰਜ਼ੀਆਂ ਦੇਣਾ ਸ਼ੁਰੂ ਕਰ ਸਕਦੇ ਹਨ। ਸਕੂਲੀ ਵਰ੍ਹੇ ਦੇ ਪਹਿਲੇ ਚਾਰ ਮਹੀਨਿਆਂ ਨੇ ਅਧਿਆਪਕਾਂ ਨੂੰ ਵਿਦਿਆਰਥੀਆਂ ਦਾ ਮੁਲਾਂਕਣ ਕਰਨ ਅਤੇ ਵਧੀਕ ਦਖਲ ਅਤੇ ਸਹਾਇਤਾ ਦੀ ਲੋੜ ਵਾਲੇ ਵਿਦਿਆਰਥੀਆਂ ਦੀ ਪਛਾਣ ਕਰਨ ਲਈ ਸਮਾਂ ਦਿੱਤਾ।
- ਬਜਟ 2022 ਵਿੱਚ ਵਿਦਿਆਰਥੀਆਂ ਦੀਆਂ ਵਿਸ਼ੇਸ਼ ਸਿੱਖਿਆ ਲੋੜਾਂ ਨੂੰ ਪੂਰਾ ਕਰਨ ਲਈ ਲਰਨਿੰਗ ਸੁਪੋਰਟਸ ਫੰਡਿੰਗ ਵਾਸਤੇ 1.4 ਬਿਲੀਅਨ ਡਾਲਰ ਵੀ ਸ਼ਾਮਲ ਹਨ।
- • 2021-22 ਵਿੱਚ ਸਿੱਖਣ ‘ਚ ਪਏ ਵਿਘਨਾਂ ਦੀ ਪ੍ਰੋਗਰਾਮਿੰਗ ਦੇ ਨਤੀਜੇ ਵਜੋਂ, ਸਕੂਲ ਅਧਿਕਾਰੀਆਂ ਨੇ ਰਿਪੋਰਟ ਕੀਤੀ:
    - ਉਹਨਾਂ ਦੇ ਵਿਦਿਆਰਥੀਆਂ ਨੇ ਵਧੀ ਹੋਈ ਸਫਲਤਾ ਦਾ ਅਨੁਭਵ ਕੀਤਾ
    - ਵਿ਼ਿਦਆਰਥੀ ਦਾ ਆਤਮ ਵਿਸ਼ਵਾਸ ਅਤੇ ਰੁਝੇਵੇਂ ਵਿੱਚ ਵਾਧਾ ਹੋਇਆ
    - ਉਹਨਾਂ ਨੂੰ ਮਾਪਿਆਂ ਤੋਂ ਸਕਾਰਾਤਮਕ ਫੀਡਬੈਕ ਪ੍ਰਾਪਤ ਹੋਈ
    - ਦਖਲ ਕਰਨ ਅਤੇ ਵਿਦਿਆਰਥੀਆਂ ਦੀ ਸਫਲਤਾ ਦਾ ਮੁਲਾਂਕਣ ਡਿਜ਼ਾਇਨ ਕਰਨ ਵਿੱਚ ਅਧਿਆਪਕਾਂ, ਵਿਦਿਅਕ ਸਹਾਇਕਾਂ, ਪ੍ਰਸ਼ਾਸਕਾਂ, ਦਖਲ-ਕਰਤਿਆਂ ਅਤੇ ਡਿਵੀਜ਼ਨਲ ਲੀਡਰਸ਼ਿਪ ਦਰਮਿਆਨ ਪ੍ਰੋਫੈਸ਼ਨਲ ਵਿਕਾਸ ਅਤੇ ਸਹਿਯੋਗ ਵਧਿਆ।

- ਸਤੰਬਰ 2022 ਤੋਂ ਸ਼ੁਰੂ ਹੁੰਦਿਆਂ, ਸਕੂਲ ਅਧਿਕਾਰੀਆਂ ਨੂੰ ਗਰੇਡ 1 ਤੋਂ 3 ਦੇ ਸਾਰੇ ਵਿਦਿਆਰਥੀਆਂ ਲਈ ਸਾਖਰਤਾ ਅਤੇ ਅੰਕ-ਗਿਆਨ ਦੀ ਸਕਰੀਨਿੰਗ ਮੁਲਾਂਕਣਾਂ ਦਾ ਪ੍ਰਬੰਧਨ ਕਰਨ ਦੀ ਲੋੜ ਹੋਵੇਗੀ। ਗਰੇਡ 2 ਅਤੇ 3 ਦੇ ਵਿਦਿਆਰਥੀਆਂ ਦਾ ਮੁਲਾਂਕਣ ਇਸ ਸਕੂਲੀ ਵਰ੍ਹੇ ਦੇ ਸ਼ੁਰੂ ਵਿੱਚ ਕੀਤਾ ਗਿਆ ਸੀ, ਅਤੇ ਗਰੇਡ 1 ਦੇ ਵਿਦਿਆਰਥੀਆਂ ਦਾ ਮੁਲਾਂਕਣ ਜਨਵਰੀ 2023 ਦੇ ਅੰਤ ਤੱਕ ਕੀਤਾ ਗਿਆ ਸੀ। 10 ਮਿਲੀਅਨ ਡਾਲਰ ਜੋ ਸਰਕਾਰ ਵੱਲੋਂ ਇਸ ਸਾਲ ਲਈ ਜੋੜੇ ਜਾ ਰਹੇ ਹਨ, ਇਹ ਯਕੀਨੀ ਬਣਾਉਣ ‘ਚ ਮਦਦ ਕਰਨਗੇ ਕਿ ਗਰੇਡ 1 ਦੇ ਵਿਦਿਆਰਥੀਆਂ ਜੋ ਗਰੇਡ ਪੱਧਰ ਤੋਂ ਪਿੱਛੇ ਹਨ, ਲੋੜੀਂਦੀ ਸਹਾਇਤਾ ਪ੍ਰਾਪਤ ਕਰ ਸਕਣ ।.
- ਸਕੂਲ ਅਧਿਕਾਰੀ ਵਿਦਿਆਰਥੀਆਂ ਦੀ ਤਰੱਕੀ ਨੂੰ ਮਾਪਣ ਲਈ ਸਕੂਲੀ ਵਰ੍ਹੇ ਦੇ ਅੰਤ ਵਿੱਚ ਮੁੜ ਮੁਲਾਂਕਣ ਕਰਨਗੇ।
- ਵਿਦਿਆਰਥੀਆਂ ਦਾ ਸ਼ੁਰੂਆਤੀ ਸਾਲਾਂ ਵਿੱਚ ਮੁਲਾਂਕਣ ਕਰਨਾ ਅਧਿਆਪਕਾਂ, ਮਾਪਿਆਂ ਅਤੇ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਸੰਭਾਵੀ ਸਿੱਖਣ ਔਕੜਾਂ ਅਤੇ ਲੋੜਾਂ ਬਾਰੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ, ਅਤੇ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਲੋੜੀਂਦੀ ਸਹਾਇਤਾ ਵਧੇਰੇ ਜਲਦੀ ਪ੍ਰਾਪਤ ਕਰ ਸਕਣ।

## ਸਬੰਧਿਤ ਜਾਣਕਾਰੀ

- ਕੇ-12 ਸਕੂਲਜ਼ ਵਿੱਚ ਅੱਗੇ ਵਧਣਾ

## ਸਬੰਧਿਤ ਖ਼ਬਰਾਂ

- ਸਿੱਖਣ ਦੇ ਮੁਲਾਂਕਣ ਵਿਦਿਆਰਥੀਆਂ ਦੀ ਸ਼ੁਰੂਆਤੀ ਸਾਲਾਂ ਦੀ ਸਫਲਤਾ ਦੀ ਕੁੰਜੀ ਹਨ (20 ਅਪਰੈਲ 2022)

Classification: Public